# ਘਰ ਵਿੱਚ ਪੜ੍ਹਨਾ: EAL ਵਿਦਿਆਰਥੀਆਂ ਦੇ ਮਾਪਿਆਂ ਅਤੇ ਸੰਭਾਲ ਕਰਨ ਵਾਲਿਆਂ ਲਈ ਜਾਣਕਾਰੀ

**ਪਰਿਵਾਰਾਂ ਨੂੰ EAL ਬੱਚਿਆਂ ਨੂੰ ਘਰ ਵਿੱਚ ਉਹਨਾਂ ਦੀ ਪੜ੍ਹਾਈ ਵਿੱਚ ਸਹਾਇਤਾ ਕਰਨ ਲਈ ਵੱਖ-ਵੱਖ ਭਾਸ਼ਾਵਾਂ ਦੀ ਵਰਤੋਂ ਕਰਨ ਲਈ ਸਲਾਹ**

## ਘਰ ਵਿੱਚ ਪੜ੍ਹਨਾ ਕਿਉਂ ਮਹੱਤਵਪੂਰਣ ਹੈ?

ਘਰ ਵਿੱਚ ਪੜ੍ਹਨਾ ਉਹ ਵਾਧੂ ਅਭਿਆਸ ਪ੍ਰਦਾਨ ਕਰਦਾ ਹੈ ਜਿਸ ਦੀ ਤੁਹਾਡੇ ਬੱਚੇ ਨੂੰ ਆਤਮ-ਵਿਸ਼ਵਾਸੀ, ਜੀਵਨ-ਭਰ ਦਾ ਪਾਠਕ ਬਣਨ ਲਈ ਲੋੜ ਹੁੰਦੀ ਹੈ। ਖੋਜ ਇਹ ਸੁਝਾਉਂਦੀ ਹੈ ਕਿ ਜੇ ਬੱਚੇ ਪ੍ਰਤੀ ਦਿਨ 20 ਮਿੰਟਾਂ ਵਾਸਤੇ ਪੜ੍ਹਦੇ ਹਨ ਤਾਂ ਉਹ ਇੱਕ ਸਾਲ ਵਿੱਚ 1,800,000 ਸ਼ਬਦ ਪੜ੍ਹਨਗੇ। ਘਰ ਵਿੱਚ ਪੜ੍ਹਨ ਨਾਲ ਪੜ੍ਹਨ ਦੀਆਂ ਚੰਗੀਆਂ ਆਦਤਾਂ ਵਿਕਸਤ ਹੁੰਦੀਆਂ ਹਨ ਅਤੇ ਪੜ੍ਹਨ ਦਾ ਸ਼ੌਕ ਪੈਦਾ ਹੁੰਦਾ ਹੈ। ਤੁਹਾਡੇ ਬੱਚੇ ਨੂੰ ਘਰ ਵਿਖੇ ਪੜ੍ਹਨ ਤੋਂ ਲਾਭ ਹੋਵੇਗਾ ਭਾਂਵੇਂ ਕਿ ਇਹ ਅੰਗਰੇਜ਼ੀ ਵਿੱਚ ਹੋਵੇ ਜਾਂ ਉਸ ਦੀ ਘਰੇਲੂ ਭਾਸ਼ਾ ਵਿੱਚ। ਖੋਜ ਇਹ ਵੀ ਵਿਖਾਉਂਦੀ ਹੈ ਕਿ ਘਰੇਲੂ ਭਾਸ਼ਾ ਵਿੱਚ ਪੜ੍ਹਨਾ ਤੁਹਾਡੇ ਬੱਚੇ ਨੂੰ ਅੰਗਰੇਜ਼ੀ ਸਿੱਖਣ ਵਿੱਚ ਸਹਾਇਤਾ ਕਰਦਾ ਹੈ।

## ਨਿੱਤਨੇਮ ਸਥਾਪਤ ਕਰਨਾ

ਹਰ ਪਰਿਵਾਰ ਵੱਖਰਾ ਹੁੰਦਾ ਹੈ। ਦਿਨ ਦਾ ਕੋਈ ਸ਼ਾਂਤ ਸਮਾਂ ਅਤੇ ਪੜ੍ਹਨ ਲਈ ਆਰਾਮਦਾਇਕ ਜਗ੍ਹਾ ਲੱਭੋ। ਪੜ੍ਹਨ ਨੂੰ ਆਪਣੇ ਰੋਜ਼ਾਨਾ ਨਿੱਤਨੇਮ ਦਾ ਬਕਾਇਦਾ ਹਿੱਸਾ ਬਨਾਉਣ ਦੀ ਕੋਸ਼ਿਸ਼ ਕਰੋ। ਪੜ੍ਹਨਾ ਇੱਕ ਅਜਿਹੀ ਗਤੀਵਿਧੀ ਹੋ ਸਕਦੀ ਹੈ ਜਿੱਥੇ ਸਾਰਾ ਪਰਿਵਾਰ ਸ਼ਾਮਲ ਹੁੰਦਾ ਹੈ। ਆਪਣੇ ਬੱਚੇ ਨਾਲ ਇਸ ਬਾਰੇ ਗੱਲ ਕਰੋ ਕਿ ਤੁਸੀਂ ਘਰ ਦੀ ਪੜ੍ਹਾਈ ਨੂੰ ਹਰ ਕਿਸੇ ਵਾਸਤੇ ਸ਼ਾਂਤਮਈ ਅਤੇ ਉਸਾਰੂ ਤਜ਼ਰਬਾ ਕਿਵੇਂ ਬਣਾ ਸਕਦੇ ਹੋ।

## ਸਹਾਇਤਾ ਪ੍ਰਦਾਨ ਕਰਨੀ

ਤੁਹਾਡਾ ਬੱਚਾ ਘਰੇ ਅਜਿਹੀਆਂ ਕਿਤਾਬਾਂ ਲਿਆ ਸਕਦਾ ਹੈ ਜਿੰਨ੍ਹਾਂ ਦਾ ਔਖਿਆਈ ਦਾ ਪੱਧਰ ਵੱਖ-ਵੱਖ ਹੁੰਦਾ ਹੈ। ਕੁਝ ਕੁ ਤਰੀਕੇ ਜਿੰਨ੍ਹਾਂ ਨਾਲ ਤੁਸੀਂ ਸਹਾਇਤਾ ਪ੍ਰਦਾਨ ਕਰਵਾ ਸਕਦੇ ਹੋ, ਉਹਨਾਂ ਵਿੱਚ ਸ਼ਾਮਲ ਹਨ:

- ਸੰਕੇਤਾਂ ਲਈ ਤਸਵੀਰਾਂ ਦੀ ਵਰਤੋਂ ਕਰਨਾ
- ਆਪਣੇ ਬੱਚੇ ਨਾਲ ਆਪਣੀ ਘਰੇਲੂ ਭਾਸ਼ਾ ਵਿੱਚ ਤਸਵੀਰਾਂ ਅਤੇ ਕਹਾਣੀਆਂ ਬਾਰੇ ਗੱਲ ਕਰਨਾ
- ਆਪਣੇ ਬੱਚੇ ਨੂੰ ਕਿਤਾਬ ਨੂੰ ਇੱਕ ਤੋਂ ਵਧੇਰੇ ਵਾਰ ਪੜ੍ਹਨ ਲਈ ਉਤਸ਼ਾਹਤ ਕਰਨਾ
- ਇਸ ਬਾਰੇ ਗੱਲਬਾਤ ਕਰਨਾ ਕਿ ਅੰਗਰੇਜ਼ੀ ਵਿੱਚ ਅਤੇ ਤੁਹਾਡੀ ਘਰੇਲੂ ਭਾਸ਼ਾ ਵਿੱਚ ਵਾਕ ਜਾਂ ਸ਼ਬਦ ਕਿਵੇਂ ਵੱਖਰੇ ਜਾਂ ਮਿਲਦੇ-ਜੁਲਦੇ ਹਨ

- ਮੁਸ਼ਕਿਲ ਸ਼ਬਦਾਂ ਨੂੰ ਛੋਟੇ ਹਿੱਸਿਆਂ ਵਿੱਚ ਵੰਡਣਾ ਅਤੇ ਇਹਨਾਂ ਨੂੰ ਉੱਚੀ ਬੋਲਣਾ
- ਜੇ ਤੁਹਾਡਾ ਬੱਚਾ ਇਸ ਸ਼ਬਦ ਨੂੰ ਨਹੀਂ ਜਾਣਦਾ, ਤਾਂ ਉਹਨਾਂ ਨੂੰ ਇਹ ਸ਼ਬਦ ਦੱਸਣਾ ਜੇਕਰ ਤੁਸੀਂ ਇਸ ਨੂੰ ਜਾਣਦੇ ਹੋ ਜਾਂ ਸ਼ਬਦਕੋਸ਼ ਦੀ ਵਰਤੋਂ ਕਰਨਾ
- ਆਤਮ-ਵਿਸ਼ਵਾਸ ਅਤੇ ਪ੍ਰਵਾਹ ਦਾ ਨਿਰਮਾਣ ਕਰਨ ਲਈ ਵਧੇਰੇ ਲੰਬੇ ਜਾਂ ਵਧੇਰੇ ਚੁਣੌਤੀਪੂਰਨ ਸ਼ਬਦਾਂ ਦੇ ਉਚਾਰਨ ਦਾ ਅਭਿਆਸ ਕਰਨਾ
- ਹੋਰ ਕਿਤਾਬਾਂ, ਫਿਲਮਾਂ ਜਾਂ ਕਿਤਾਬ ਵਿਚਲੇ ਵਿਸ਼ਿਆਂ, ਸ਼ਬਦਾਂ ਜਾਂ ਤਸਵੀਰਾਂ ਨਾਲ ਸਬੰਧਿਤ ਜਾਣੇ-ਪਛਾਣੇ ਤਜ਼ਰਬਿਆਂ ਬਾਰੇ ਗੱਲ ਕਰਨਾ।
- ਇਹ ਸਵੀਕਾਰ ਕਰਦੇ ਹੋਏ ਕਿ ਪੜ੍ਹਨਾ ਮੁਸ਼ਕਿਲ ਹੋ ਸਕਦਾ ਹੈ, ਅਤੇ ਇਹ ਅਭਿਆਸ ਪੜ੍ਹਨ ਦੇ ਹੁਨਰਾਂ ਵਿੱਚ ਸੁਧਾਰ ਕਰੇਗਾ

ਜੇ ਪੜ੍ਹਨ ਵਿੱਚ ਆਪਣੇ ਬੱਚੇ ਦੀ ਸਹਾਇਤਾ ਕਰਨ ਬਾਰੇ ਤੁਹਾਡੇ ਕੋਈ ਸਵਾਲ ਹਨ ਜਾਂ ਜੇ ਉਹਨਾਂ ਕਿਤਾਬਾਂ ਬਾਰੇ ਤੁਹਾਡੇ ਕੋਈ ਸ਼ੰਕੇ ਹਨ ਜੋ ਤੁਹਾਡਾ ਬੱਚਾ ਪੜ੍ਹਨ ਵਾਸਤੇ ਘਰੇ ਲਿਆਉਂਦਾ ਹੈ ਤਾਂ ਹਮੇਸ਼ਾ ਆਪਣੇ ਬੱਚੇ ਦੇ ਅਧਿਆਪਕ ਨਾਲ ਗੱਲ ਕਰੋ।

## ਇਕੱਠੇ ਪੜ੍ਹਨਾ

ਬਹੁਤ ਸਾਰੇ ਵੱਖ-ਵੱਖ ਤਰੀਕੇ ਹਨ ਜਿੰਨ੍ਹਾਂ ਨੂੰ ਤੁਸੀਂ ਅਤੇ ਤੁਹਾਡਾ ਬੱਚਾ ਇਕੱਠਿਆਂ ਜਾਂ ਤਾਂ ਅੰਗਰੇਜ਼ੀ ਵਿੱਚ ਜਾਂ ਫਿਰ ਆਪਣੀ ਘਰੇਲੂ ਭਾਸ਼ਾ ਵਿੱਚ ਪੜ੍ਹ ਸਕਦੇ ਹੋ। ਤਕਨਾਲੋਜੀ ਦੀ ਵਰਤੋਂ ਦੂਰ ਰਹਿਣ ਵਾਲੇ ਪਰਿਵਾਰ ਨਾਲ ਰਲ ਕੇ ਪੜ੍ਹਨ ਲਈ ਕੀਤੀ ਜਾ ਸਕਦੀ ਹੈ।

ਤੁਸੀਂ ਕਰ ਸਕਦੇ ਹੋ:

- ਇਸ ਤੋਂ ਪਹਿਲਾਂ ਕਿ ਤੁਸੀਂ ਇਕੱਠਿਆਂ ਪੜ੍ਹਨਾ ਸ਼ੁਰੂ ਕਰੋ, ਕਿਤਾਬ ਵਿਚਲੇ ਸਿਰਲੇਖ ਅਤੇ ਤਸਵੀਰਾਂ ਬਾਰੇ ਗੱਲ ਕਰੋ
- ਆਪਣੇ ਬੱਚੇ ਦੇ ਨਾਲ ਹਰੇਕ ਸਫ਼ੇ ਨੂੰ ਪੜ੍ਹਨ ਲਈ ਵਾਰੀ ਲਓ
- ਕਿਤਾਬ ਨੂੰ ਇਕੱਠਿਆਂ ਉੱਚੀ ਆਵਾਜ਼ ਵਿੱਚ ਪੜ੍ਹੋ
- ਉਸੇ ਸਫ਼ੇ ਨੂੰ ਉੱਚੀ-ਉੱਚੀ ਪੜ੍ਹਨ ਲਈ ਵਾਰੀ ਲਓ
- ਜਦ ਤੁਹਾਡਾ ਬੱਚਾ ਨਾਲ-ਨਾਲ ਚੱਲਦਾ ਹੈ ਤਾਂ ਲਿਖਤ ਨੂੰ ਉੱਚੀ ਆਵਾਜ਼ ਵਿੱਚ ਪੜ੍ਹੋ
- ਤੁਹਾਡੇ ਬੱਚੇ ਵੱਲੋਂ ਅੰਗਰੇਜ਼ੀ ਵਿੱਚ ਕੋਈ ਵਾਕ ਪੜ੍ਹਨ ਦੇ ਬਾਅਦ ਆਪਣੇ ਘਰੇਲੂ ਭਾਸ਼ਾ ਦੇ ਅਨੁਵਾਦ ਨੂੰ 'ਪੜ੍ਹੋ'

## ਪੜ੍ਹਨ ਦਾ ਮਜ਼ਾ ਲੈਣਾ

ਸਕੂਲ ਤੋਂ ਕਿਤਾਬਾਂ ਦੇ ਨਾਲ-ਨਾਲ, ਤੁਸੀਂ ਆਪਣੇ ਬੱਚੇ ਨੂੰ ਉਮਰ-ਅਨੁਸਾਰ ਕਿਤਾਬਾਂ ਤੱਕ ਪਹੁੰਚ ਕਰਨ ਅਤੇ ਚੁਣਨ ਵਿੱਚ ਸਹਾਇਤਾ ਕਰ ਸਕਦੇ ਹੋ ਜੋ ਉਹਨਾਂ ਦੀਆਂ ਰੁਚੀਆਂ, ਘਰੇਲੂ ਭਾਸ਼ਾ ਅਤੇ ਸਭਿਆਚਾਰ ਨਾਲ ਜੋੜਦੀਆਂ ਹਨ। ਕੁਝ ਤਰੀਕੇ ਜਿੰਨ੍ਹਾਂ ਨਾਲ ਤੁਸੀਂ ਪੜ੍ਹਨ ਦੇ ਪਿਆਰ ਵਿੱਚ ਸਹਿਯੋਗ ਕਰ ਸਕਦੇ ਹੋ, ਉਹਨਾਂ ਵਿੱਚ ਸ਼ਾਮਲ ਹਨ:

- ਸਥਾਨਕ ਲਾਇਬਰੇਰੀ ਵਿੱਚ ਜਾਣਾ – ਕੁਝ ਲਾਇਬ੍ਰੇਰੀਆਂ ਵਿੱਚ ਬਹੁਤ ਸਾਰੀਆਂ ਭਾਸ਼ਾਵਾਂ ਵਿੱਚ ਗਲਪ ਅਤੇ ਗੈਰ-ਗਲਪ ਕਿਤਾਬਾਂ ਹੁੰਦੀਆਂ ਹਨ
- ਕਿਤਾਬਾਂ (ਲਾਇਬ੍ਰੇਰੀ ਦੀਆਂ ਕਿਤਾਬਾਂ ਅਤੇ ਆਪਣੀਆਂ ਖੁਦ ਦੀਆਂ ਕਿਤਾਬਾਂ) ਨੂੰ ਘਰ ਵਿਖੇ ਕਿਸੇ ਅਜਿਹੀ ਜਗ੍ਹਾ ਵਿੱਚ ਰੱਖਣਾ ਜਿੱਥੇ ਤੁਹਾਡਾ ਬੱਚਾ ਆਸਾਨੀ ਨਾਲ ਪਹੁੰਚ ਕਰ ਸਕਦਾ ਹੈ
- ਮਜ਼ੇ ਵਾਸਤੇ ਅਤੇ ਸਿੱਖਣ ਵਾਸਤੇ ਆਪਣੇ ਬੱਚੇ ਨੂੰ ਤੁਹਾਨੂੰ ਪੜ੍ਹਦੇ ਹੋਏ ਵੇਖਣ ਦੇਣਾ
- ਆਪਣੀ ਘਰੇਲੂ ਭਾਸ਼ਾ ਵਿੱਚ ਕਿਤਾਬਾਂ ਅਤੇ ਕਹਾਣੀਆਂ ਬਾਰੇ ਇਕੱਠਿਆਂ ਵਿਚਾਰ-ਵਟਾਂਦਰਾ ਕਰਨਾ
- ਵੱਖ-ਵੱਖ ਲਿਖਤਾਂ ਦੀ ਪੜਚੋਲ ਕਰਨਾ ਜਿਵੇਂ ਕਿ ਸੁਪਰਮਾਰਕੀਟ ਦੇ ਇਸ਼ਤਿਹਾਰ (ਕੈਟਾਲਾਗ), ਗਰਾਫਿਕ ਨਾਵਲ, ਕਵਿਤਾ, ਅਖਬਾਰ
- ਬੋਲਚਾਲ ਦੀਆਂ ਵੱਖ-ਵੱਖ ਲਿਖਤਾਂ ਦੀ ਪੜਚੋਲ ਕਰਨਾ ਜਿਵੇਂ ਕਿ ਸੁਣਨ ਵਾਲੀਆਂ ਕਿਤਾਬਾਂ (ਆਡੀਓ-ਬੁੱਕਾਂ), ਜ਼ੁਬਾਨੀ ਕਹਾਣੀਆਂ, ਆਪਣੀ ਘਰੇਲੂ ਭਾਸ਼ਾ ਜਾਂ ਅੰਗਰੇਜ਼ੀ ਵਿੱਚ ਗੀਤ ਅਤੇ ਕਵਿਤਾਵਾਂ
- ਆਪਣੀ ਘਰੇਲੂ ਭਾਸ਼ਾ ਜਾਂ ਅੰਗਰੇਜ਼ੀ ਦੀ ਵਰਤੋਂ ਕਰਕੇ ਕਹਾਣੀਆਂ ਬਨਾਉਣ ਲਈ ਕਾਰਟੂਨਾਂ ਵਾਲੀਆਂ ਕਿਤਾਬਾਂ ਵਿਚਲੀਆਂ ਤਸਵੀਰਾਂ ਦੀ ਵਰਤੋਂ ਕਰਨਾ
- ਪੜ੍ਹਨ ਲਈ ਆਪਣੀ ਘਰੇਲੂ ਭਾਸ਼ਾ ਜਾਂ ਅੰਗਰੇਜ਼ੀ ਵਿੱਚ ਇਕੱਠਿਆਂ ਕੋਈ ਕਹਾਣੀ ਲਿਖਣਾ
- ਤੋਹਫ਼ਿਆਂ ਵਜੋਂ ਕਿਤਾਬਾਂ ਖਰੀਦਣਾ

**ਕਿਸੇ ਵੀ ਭਾਸ਼ਾ ਵਿੱਚ ਹਰ ਰੋਜ਼ ਆਪਣੇ ਬੱਚੇ ਨਾਲ ਪੜ੍ਹਨਾ, ਇੱਥੋਂ ਤੱਕ ਕਿ ਉਹਨਾਂ ਵੱਲੋਂ ਖੁਦ ਵਾਸਤੇ ਪੜ੍ਹਨਾ ਸਿੱਖ ਲੈਣ ਦੇ ਬਾਅਦ ਵੀ, ਜੀਵਨ ਵਿੱਚ ਬਾਅਦ ਵਿੱਚ ਜਾ ਕੇ ਉਹਨਾਂ ਦੇ ਪੜ੍ਹਨ ਅਤੇ ਬੌਧਿਕ ਹੁਨਰਾਂ 'ਤੇ ਜ਼ਿਕਰਯੋਗ ਅਸਰ ਪਾ ਸਕਦਾ ਹੈ।**

**ਤੁਸੀਂ ਆਪਣੇ ਬੱਚੇ ਨਾਲ ਆਪਣੀ ਘਰੇਲੂ ਭਾਸ਼ਾ ਵਿੱਚ ਗੱਲ ਕਰ ਸਕਦੇ ਹੋ, ਪੜ੍ਹ ਸਕਦੇ ਹੋ ਅਤੇ ਲਿਖ ਸਕਦੇ ਹੋ – ਉਹ ਭਾਸ਼ਾ ਜਿਸ ਨੂੰ ਤੁਸੀਂ ਸਭ ਤੋਂ ਵਧੀਆ ਜਾਣਦੇ ਹੋ।**